ਰਜਿਸਟਰਡ

ਵੱਲੋ ਵਧੀਕ ਡਾਇਰੈਕਟਰ ਜਨਰਲ ਪੁਲਿਸ-ਕਮ-
ਅਪੀਲੀ ਪ੍ਰਾਧਿਕਾਰੀ, ਆਰ.ਟੀ.ਆਈ. ਐਕਟ,
ਆਰਮਡ ਬਨਜ਼., ਜਲੰਧਰ ਛਾਉਣੀ।

ਵੱਲ

ਸ਼੍ਰੀ ਦੀਦਾਰ ਸਿੰਘ,ਨੰਬਰ 380/ਪੀ.ਆਰ (ਸੇਵਾ ਮੁਕਤ),
# 3423, ਸੈਕਟਰ 38-ਡੀ, ਚੰਡੀਗੜ੍ਹ।(ਮੋ.ਨੰਬਰ 98760-47788)

ਨੰਬਰ /ਈ-6 ਮਿਤੀ

ਵਿਸ਼ਾ:- ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਅਪੀਲ।

ਯਾਦ ਪੱਤਰ

ਹਵਾਲਾ ਆਪ ਦੀ ਅਪੀਲ ਮਿਤੀ 30-05-2018, ਜੋ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਨੂੰ ਸੰਬੋਧਿਤ ਹੈ, ਵਿਸਾ ਉਕਤ ਦੇ ਸਬੰਧ ਵਿੱਚ।

2. ਆਪ ਨੇ ਸੂਚਨਾ ਪ੍ਰਾਪਤ ਕਰਨ ਲਈ ਜੋ ਅਰਜੀ 14-03-2018 ਨੂੰ ਦਿੱਤੀ ਸੀ। ਉਸ ਵਿੱਚ ਮੰਗੀਆਂ ਸੂਚਨਾਵਾ ਦਾ ਨਿਪਟਾਰਾ ਇੰਸਪੈਕਟਰ ਜਨਰਲ ਪੁਲਿਸ, ਕਮਾਂਡੋ-ਕਮ-ਲੋਕ ਸੂਚਨਾ ਅਫਸਰ, ਪੰਜਾਬ, ਬਹਾਦਰਗੜ੍ਹ, ਪਟਿਆਲਾ ਦੇ ਦਫਤਰ ਦੇ ਪੱਤਰ ਨੰਬਰ 12861/ਐਲ.ਏ, ਮਿਤੀ 8-6-2018 ਦੇ ਨਾਲ ਲਫ ਦਫਤਰ ਕਮਾਂਡੈਂਟ, ਤੀਜੀ ਕਮਾਂਡੋ ਬਟਾਲੀਅਨ, ਫੇਸ-11, ਐਸ.ਏ.ਐਸ.ਨਗਰ ਦੇ ਪੱਤਰ ਨੰਬਰ 9083/ਏ.ਸੀ.-1, ਮਿਤੀ 7-5-2018 ਨਾਲ ਹੋ ਜਾਂਦਾ ਹੈ।ਕਿਉਕਿ ਉਕਤ ਪੱਤਰ ਵਿੱਚ ਸੰਬਧਤ ਦਫਤਰ ਕਮਾਂਡੈਂਟ ਨੇ ਹੇਠ ਲਿਖੀ ਗੱਲ ਦਾ ਜ਼ਿਕਰ ਕੀਤਾ ਹੈ।

"ਉਕਤ ਰਿਟਾਇਰ ਡੀ.ਐਸ.ਪੀ ਦੀ ਮਹੀਨਾ ਜਨਵਰੀ ਅਤੇ ਫਰਵਰੀ/2004 ਦੀ ਤਨਖਾਹ ਮਹੀਨਾ ਅਪ੍ਰੈਲ/2004 ਦੌਰਾਨ ਇੰਸਪੈਕਟਰ ਰੈਂਕ ਤੇ ਇਸ ਦਫਤਰ ਵੱਲੋਂ ਡਰਾਅ ਕਰਵਾਈ ਗਈ ਸੀ। ਇਹਨਾਂ ਦੋ ਮਹੀਨਿਆਂ ਦੌਰਾਨ ਉਕਤ ਅਧਿਕਾਰੀ ਦੀ ਤਨਖਾਹ ਵਿਚੋਂ ਇਨਕਮ ਟੈਕਸ ਦੀ ਕੋਈ ਵੀ ਕਟੌਤੀ ਨਹੀਂ ਕੀਤੀ ਗਈ ਅਤੇ ਨਾ ਹੀ ਉਕਤ ਅਧਿਕਾਰੀ ਤੋਂ ਇਨਕਮ ਟੈਕਸ ਸੇਵਿੰਗ ਦੇ ਰੂਪ ਵਿੱਚ ਕੋਈ ਵੀ ਦਸਤਾਵੇਜ ਲਿਆ ਗਿਆ ਹੈ। ਦਫਤਰੀ ਰਿਕਾਰਡ ਵਾਚਣ ਤੇ ਵੀ ਪਾਇਆ ਗਿਆ ਹੈ ਕਿ ਉਕਤ ਅਧਿਕਾਰੀ ਨੇ ਕਿਸੇ ਵੀ ਦਸਤਾਵੇਜ ਦੀ ਕੋਈ ਵੀ ਫੋਟੋ ਕਾਪੀ ਇਸ ਦਫਤਰ ਵਿਖੇ ਜਮਾਂ ਨਹੀਂ ਕਰਵਾਈ"।

ਉਪਰੋਕਤ ਦੀ ਰੋਸ਼ਨੀ ਵਿੱਚ ਕਿਉਕਿ ਸੂਚਨਾ ਦੇ ਅਧਿਕਾਰ ਅਧੀਨ ਦਿੱਤੀ ਆਪ ਦੀ ਉਪਰੋਕਤ ਅਰਜੀ ਮਿਤੀ 14-3-2018 ਦਾ ਸਹੀ ਨਿਪਟਾਰਾ ਹੋ ਚੁੱਕਾ ਹੈ। ਇਸ ਕਰਕੇ ਆਪ ਦੀ ਅਪੀਲ ਜੋ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਦੇ ਦਫਤਰ ਦੇ ਪੱਤਰ ਨੰਬਰ 2293/ਆਰ.ਟੀ.ਆਈ-3, ਮਿਤੀ 7-6-2018 ਨਾਲ ਪ੍ਰਾਪਤ ਹੋਈ ਸੀ ਡਿਸਮਿਸ ਕੀਤੀ ਜਾਂਦੀ ਹੈ।ਇਹ ਆਪ ਦੀ ਸੂਚਨਾ ਹਿੱਤ ਹੈ।

ਵਾਸਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ-ਕਮ-
ਅਪੀਲੀ ਪ੍ਰਾਧਿਕਾਰੀ, ਆਰ.ਟੀ.ਆਈ. ਐਕਟ,
ਆਰਮਡ ਬਨਜ਼., ਜਲੰਧਰ ਛਾਉਣੀ।
ਟੈਲੀਫੂਨ ਨੰਬਰ 0181-2456274 (ਦਫਤਰ)

23120-21
ਨੰਬਰ /ਈ-6 ਮਿਤੀ 20-6-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਅਸਿਸਟੈਂਟ ਇੰਸਪੈਕਟਰ ਜਨਰਲ ਪੁਲਿਸ/ਪਰਸ-2, ਪੰਜਾਬ, ਚੰਡੀਗੜ੍ਹ- ਕਮ- ਲੋਕ ਸੂਚਨਾ ਅਫਸਰ (ਐਡਮਨ ਵਿੰਗ) ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰਬਰ 2293/ ਆਰ.ਟੀ.ਆਈ-3, ਮਿਤੀ 7-6-2018 ਦੇ ਹਵਾਲੇ ਵਿੱਚ।
2. ਇੰਜਾਰਜ ਵੈਬ-ਸਾਈਟ ਪੀ.ਏ.ਪੀ ਜਲੰਧਰ ਛਾਉਣੀ (ਸਮੇਤ ਅਪੀਲ ਦੀ ਕਾਪੀ) ਨੂੰ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ: ਉਕਤ ਅਨੁਸਾਰ।

ਵਾਸਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ-ਕਮ-
ਅਪੀਲੀ ਪ੍ਰਾਧਿਕਾਰੀ, ਆਰ.ਟੀ.ਆਈ. ਐਕਟ,
ਆਰਮਡ ਬਨਜ਼., ਜਲੰਧਰ ਛਾਉਣੀ।
ਟੈਲੀਫੂਨ ਨੰਬਰ 0181-2456274 (ਦਫਤਰ)

20/6/18